Australian Government | Australian Charities and Not-for-profits Commission

ਬਾਹਰੀ ਨੈਤਿਕ ਮਾਪਦੰਡ

ਸੰਚਾਲਨ ਦੇ ਮਾਪਦੰਡਾਂ ਤੋਂ ਇਲਾਵਾ, ਆਸਟ੍ਰੇਲੀਆ ਤੋਂ ਬਾਹਰ ਕੰਮ ਕਰਨ ਜਾਂ ਪੈਸੇ ਭੇਜਣ ਵਾਲੀਆਂ ਸਾਰੀਆਂ ਦਾਨ-ਸੰਸਥਾਵਾਂ ਨੂੰ ਲਾਜ਼ਮੀ ਤੌਰ 'ਤੇ ਚਾਰ ਹੋਰ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਨ੍ਹਾਂ ਨੂੰ ਬਾਹਰੀ ਨੈਤਿਕ ਮਾਪਦੰਡ (External Conduct Standards) ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ ਉਹ ਦਾਨ-ਸੰਸਥਾਵਾਂ ਸ਼ਾਮਲ ਹਨ, ਜੋ ਸਿਰਫ ਥੋੜ੍ਹੀ ਜਿਹੀ ਰਕਮ ਵਿਦੇਸ਼ਾਂ ਵਿੱਚ ਭੇਜਦੀਆਂ ਹਨ, ਅਤੇ ਦਾਨ-ਸੰਸਥਾਵਾਂ ਜੋ ਵਿਦੇਸ਼ਾਂ ਵਿੱਚ ਸੇਵਾਵਾਂ ਪ੍ਰਦਾਨ ਕਰਨ ਲਈ ਹੋਰ ਸੰਸਥਾਵਾਂ ਨਾਲ ਕੰਮ ਕਰਦੀਆਂ ਹਨ।

'ਬੁਨਿਆਦੀ ਧਾਰਮਿਕ ਦਾਨ-ਸੰਸਥਾਵਾਂ' ਵਜੋਂ ਸ਼੍ਰੇਣੀਬੱਧ ਦਾਨ-ਸੰਸਥਾਵਾਂ ਨੂੰ ਵੀ ਲਾਜ਼ਮੀ ਤੌਰ 'ਤੇ ਬਾਹਰੀ ਨੈਤਿਕ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਬਾਹਰੀ ਨੈਤਿਕ ਮਾਪਦੰਡ 1 ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ ਕਿ ਦਾਨ-ਸੰਸਥਾ ਵਿਦੇਸ਼ਾਂ ਵਿੱਚ ਕਿਵੇਂ ਕੰਮ ਕਰਦੀ ਹੈ, ਅਤੇ ਇਹ ਆਪਣੇ ਸਰੋਤਾਂ ਦਾ ਪ੍ਰਬੰਧ ਕਿਵੇਂ ਕਰਦੀ ਹੈ।

ਆਸਟ੍ਰੇਲੀਆ ਤੋਂ ਬਾਹਰ ਕੰਮ ਕਰਦੇ ਸਮੇਂ, ਦਾਨ-ਸੰਸਥਾ ਨੂੰ ਸੱਚਮੁੱਚ ਦਾਨੀ ਉਦੇਸ਼ ਲਈ ਲਾਜ਼ਮੀ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ - ਜਿਵੇਂ ਕਿ ਸਿੱਖਿਆ, ਧਰਮ, ਜਾਂ ਵਾਤਾਵਰਣ ਦੀ ਰੱਖਿਆ ਕਰਨਾ - ਅਤੇ ਇਸ ਨੂੰ ਗ਼ੈਰ-ਮੁਨਾਫ਼ੇ ਵਜੋਂ ਲਾਜ਼ਮੀ ਤੌਰ 'ਤੇ ਚਲਾਉਣਾ ਜਾਰੀ ਰੱਖਣਾ ਚਾਹੀਦਾ ਹੈ। ਇਸ ਦਾ ਅਰਥ ਇਹ ਹੈ ਕਿ ਦਾਨ-ਸੰਸਥਾ ਦੁਆਰਾ ਕਮਾਈ ਗਈ ਕੋਈ ਵੀ ਰਕਮ, ਇਸ ਦੇ ਉਦੇਸ਼ ਦਾ ਸਮਰਥਨ ਕਰਨ ਲਈ ਲਾਜ਼ਮੀ ਤੌਰ 'ਤੇ ਵਰਤੀ ਜਾਣੀ ਚਾਹੀਦੀ ਹੈ, ਜਿਸ ਵਿੱਚ ਦਾਨ-ਸੰਸਥਾ ਦੀ ਤਰਫ਼ੋਂ ਕੰਮ ਕਰਨ ਲਈ ਤੀਜੀ ਧਿਰ ਨੂੰ ਦਿੱਤੇ ਗਏ ਪੈਸੇ ਵੀ ਸ਼ਾਮਲ ਹਨ।

ਦਾਨ-ਸੰਸਥਾ ਨੂੰ ਲਾਜ਼ਮੀ ਤੌਰ 'ਤੇ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ, ਕਿ ਪੈਸੇ ਸਮੇਤ ਇਸ ਦੇ ਸਰੋਤਾਂ ਦੀ ਵਰਤੋਂ ਜ਼ਿੰਮੇਵਾਰੀ ਨਾਲ ਕੀਤੀ ਜਾਂਦੀ ਹੈ, ਅਤੇ ਆਸਟ੍ਰੇਲੀਆ ਦੇ ਕਾਨੂੰਨਾਂ ਦੇ ਅਨੁਸਾਰ ਕੀਤੀ ਜਾਂਦੀ ਹੈ, ਜੋ ਮਨੀ ਲੌਂਡਰਿੰਗ, ਅੱਤਵਾਦ ਲਈ ਵਿੱਤ, ਗੁਲਾਮੀ, ਲੋਕਾਂ ਦੀ ਤਸਕਰੀ ਅਤੇ ਰਿਸ਼ਵਤਖੋਰੀ ਵਰਗੇ ਮੁੱਦਿਆਂ ਨਾਲ ਨਜਿੱਠਦੇ ਹਨ।

ਬਾਹਰੀ ਨੈਤਿਕ ਮਾਪਦੰਡ 2 ਲਈ ਦਾਨ-ਸੰਸਥਾਵਾਂ ਨੂੰ ਵਿਦੇਸ਼ਾਂ ਵਿੱਚ ਉਨ੍ਹਾਂ ਦੇ ਕੰਮ ਬਾਰੇ ਚੰਗੇ ਰਿਕਾਰਡ ਰੱਖਣ ਦੀ ਜ਼ਰੂਰਤ ਹੁੰਦੀ ਹੈ, ਅਤੇ ਉਹ ਵਿਦੇਸ਼ਾਂ ਵਿੱਚ ਆਪਣਾ ਪੈਸਾ ਕਿਵੇਂ ਖ਼ਰਚ ਕਰਦੇ ਹਨ।

ਇਨ੍ਹਾਂ ਰਿਕਾਰਡਾਂ ਵਿੱਚ ਵਿੱਤੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ - ਜਿਵੇਂ ਕਿ ਬੈਂਕ ਸਟੇਟਮੈਂਟਾਂ - ਅਤੇ ਕੰਮਕਾਰ ਦੀ ਜਾਣਕਾਰੀ, ਜਿਵੇਂ ਕਿ ਕਿਸੇ ਦਾਨ-ਸੰਸਥਾ ਦੀਆਂ ਸਰਗਰਮੀਆਂ। ਜੇ ਕੋਈ ਦਾਨ-ਸੰਸਥਾ ਵਿਦੇਸ਼ਾਂ ਵਿੱਚ ਭਾਈਵਾਲਾਂ ਜਾਂ ਹੋਰ ਸੰਸਥਾਵਾਂ ਨਾਲ ਕੰਮ ਕਰਦੀ ਹੈ, ਤਾਂ ਇਸ ਨੂੰ ਉਨ੍ਹਾਂ ਸੰਬੰਧਾਂ ਬਾਰੇ ਰਿਕਾਰਡ ਵੀ ਰੱਖਣੇ ਚਾਹੀਦੇ ਹਨ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ, ਕਿ ਦਾਨ-ਸੰਸਥਾ ਕੋਲ ਸਪੱਸ਼ਟ ਸਾਲਾਨਾ ਸੰਖੇਪ ਤਿਆਰ ਕਰਨ ਲਈ ਕਾਫ਼ੀ

ਜਾਣਕਾਰੀ ਹੈ, ਕਿ ਉਸਨੇ ਕੀ ਕੀਤਾ, ਇਹ ਕਿੱਥੇ ਕੰਮ ਕਰਦੀ ਹੈ, ਅਤੇ ਹਰੇਕ ਦੇਸ਼ ਵਿੱਚ ਪੈਸੇ ਦੀ ਵਰਤੋਂ ਕਿਵੇਂ ਕੀਤੀ ਗਈ ਸੀ।

ਰਿਕਾਰਡਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਰੱਖਿਆ ਜਾ ਸਕਦਾ ਹੈ, ਪਰ ਜੇ ਲੋੜ ਪਵੇ ਤਾਂ ਇਨ੍ਹਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨਾ ਸੌਖਾ ਹੋਣਾ ਚਾਹੀਦਾ ਹੈ।

ਬਾਹਰੀ ਨੈਤਿਕ ਮਾਪਦੰਡ 3 ਭ੍ਰਿਸ਼ਟਾਚਾਰ, ਧੋਖਾਧੜੀ ਅਤੇ ਰਿਸ਼ਵਤਖੋਰੀ ਦੇ ਖ਼ਤਰਿਆਂ ਨੂੰ ਘਟਾਉਣ ਬਾਰੇ ਹੈ।

ਦਾਨ-ਸੰਸਥਾਵਾਂ ਕੋਲ ਵਿਹਾਰਕ ਕਦਮ ਹੋਣੇ ਚਾਹੀਦੇ ਹਨ, ਜਿਵੇਂ ਕਿ ਧੋਖਾਧੜੀ, ਭ੍ਰਿਸ਼ਟਾਚਾਰ ਅਤੇ ਦੁਰਵਿਵਹਾਰ ਤੋਂ ਬਚਾਉਣ ਲਈ ਨੀਤੀਆਂ, ਅਤੇ ਹਿੱਤਾਂ ਦੇ ਟਕਰਾਅ ਦਾ ਪ੍ਰਬੰਧਨ ਕਰਨ ਲਈ ਪ੍ਰਕਿਰਿਆਵਾਂ। ਜੇ ਕੋਈ ਦਾਨ-ਸੰਸਥਾ ਵਿਦੇਸ਼ਾਂ ਵਿੱਚ ਸੰਸਥਾਵਾਂ ਨਾਲ ਕੰਮ ਕਰਦੀ ਹੈ, ਤਾਂ ਇਸ ਨੂੰ ਇਹ ਵੀ ਜਾਂਚ ਕਰਨੀ ਚਾਹੀਦੀ ਹੈ, ਕਿ ਉਹ ਸੰਸਥਾਵਾਂ ਧੋਖਾਧੜੀ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ, ਅਤੇ ਹਿੱਤਾਂ ਦੇ ਟਕਰਾਅ ਦਾ ਪ੍ਰਬੰਧਨ ਕਰਨ ਲਈ, ਇਸੇ ਤਰ੍ਹਾਂ ਦੇ ਕਦਮ ਚੁੱਕ ਰਹੀਆਂ ਹਨ।

ਬਾਹਰੀ ਨੈਤਿਕ ਮਾਪਦੰਡ 4 ਨਿਰਬਲ ਲੋਕਾਂ ਨੂੰ ਸੁਰੱਖਿਅਤ ਰੱਖਣ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ - ਉਹ ਜਿਨ੍ਹਾਂ ਨੂੰ ਸੁਰੱਖਿਅਤ ਰਹਿਣ ਲਈ ਵਾਧੂ ਸਹਾਇਤਾ ਦੀ ਜ਼ਰੂਰਤ ਹੋ ਸਕਦੀ ਹੈ, ਜਿਵੇਂ ਕਿ ਬੱਚੇ, ਬਜ਼ੁਰਗ ਲੋਕ, ਅਤੇ ਅਪਾਹਜ ਲੋਕ - ਜਦੋਂ ਕੋਈ ਦਾਨ-ਸੰਸਥਾ ਵਿਦੇਸ਼ਾਂ ਵਿੱਚ ਕੰਮ ਕਰਦੀ ਹੈ।

ਇਸ ਵਿੱਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਦੀ ਦਾਨ-ਸੰਸਥਾ ਸਹਾਇਤਾ ਕਰਦੀ ਹੈ, ਅਤੇ ਉਹ ਲੋਕ ਜੋ ਸੰਸਥਾ ਨਾਲ ਕੰਮ ਕਰਦੇ ਹਨ, ਜਾਂ ਵਾਲੰਟੀਅਰ ਬਣਦੇ ਹਨ। ਕੋਈ ਵਿਅਕਤੀ ਉਮਰ, ਬਿਮਾਰੀ, ਅਪੰਗਤਾ, ਸਦਮੇ, ਜਾਂ ਨੁਕਸਾਨ ਦੇ ਹੋਰ ਕਿਸਮਾਂ ਕਰਕੇ ਕਮਜ਼ੋਰ ਹੋ ਸਕਦਾ ਹੈ। ਕਾਰਨ ਜੋ ਵੀ ਹੋਵੇ, ਦਾਨ-ਸੰਸਥਾ ਨੂੰ ਨਿਰਬਲ ਲੋਕਾਂ ਦੀ ਰੱਖਿਆ ਕਰਨ, ਅਤੇ ਸਾਰੀਆਂ ਗਤੀਵਿਧੀਆਂ ਵਿੱਚ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਾਜ਼ਮੀ ਤੌਰ 'ਤੇ ਵਾਜਬ ਕਦਮ ਚੁੱਕਣੇ ਚਾਹੀਦੇ ਹਨ।

ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 13 14 50 'ਤੇ ਫ਼ੋਨ ਕਰਕੇ, ਅਤੇ ਉਨ੍ਹਾਂ ਨੂੰ ACNC ਨੂੰ 13 22 62 'ਤੇ ਫ਼ੋਨ ਕਰਨ ਲਈ ਕਹਿ ਕੇ, ਤੁਸੀਂ ਪੰਜਾਬੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਵਾਸਤੇ, ਸਾਡੇ ਨਾਲ ਸੰਪਰਕ ਕਰ ਸਕਦੇ ਹੋ।